ਮਿੱਠੇ ਬੱਚੇ:- ਯਾਦ ਨਾਲ ਸਤੋਪ੍ਰਧਾਨ ਬਣਨ ਦੇ ਨਾਲ - ਨਾਲ ਪੜ੍ਹਾਈ ਨਾਲ ਕਮਾਈ ਜਮਾਂ ਕਰਨੀ ਹੈ , ਪੜ੍ਹਾਈ ਦੇ ਸਮੇਂ ਬੁੱਧੀ ਇਧਰ - ਉਧਰ ਨਾ ਭੱਜੇ "

ਪ੍ਰਸ਼ਨ:- ਤੁਸੀਂ ਡਬਲ ਅਹਿੰਸਕ, ਅਨਨੋਂਨ ਵਾਰੀਯਰਸ ਦੀ ਕਿਹੜੀ ਵਿਜੈ ਨਿਸ਼ਚਿਤ ਹੈ ਅਤੇ ਕਿਉਂ ?

ਉੱਤਰ:- ਤੁਸੀਂ ਬੱਚੇ ਜੋ ਮਾਇਆ ਤੇ ਜਿੱਤ ਪਾਉਣ ਦਾ ਪੁਰਸ਼ਾਰਥ ਕਰ ਰਹੇ ਹੋ, ਤੁਹਾਡਾ ਲਕਸ਼ਯ ਹੈ ਕਿ ਅਸੀਂ ਰਾਵਣ ਤੋਂ ਆਪਣਾ ਰਾਜ ਲੈਕੇ ਹੀ ਛੱਡਾਂਗੇ... ਇਹ ਵੀ ਡਰਾਮਾ ਵਿੱਚ ਯੁਕਤੀ ਰਚੀ ਹੋਈ ਹੈ। ਤੁਹਾਡੀ ਵਿਜੈ ਨਿਸ਼ਚਿਤ ਹੈ। ਕਿਉਂਕਿ ਤੁਹਾਡੇ ਨਾਲ ਸਾਖਸ਼ਾਤ ਪਰਮਪਿਤਾ ਪਰਮਾਤਮਾ ਹੈ। ਤੁਸੀਂ ਯੋਗ ਬੱਲ ਨਾਲ ਵਿਜੈ ਪਾਉਂਦੇ ਹੋ। ਮਨਮਨਾ ਭਵ ਦੇ ਮਹਾਮੰਤਰ ਨਾਲ ਤੁਹਾਨੂੰ ਰਜਾਈ ਮਿਲਦੀ ਹੈ। ਤੁਸੀਂ ਅੱਧਾ ਕਲਪ ਰਾਜ ਕਰੋਗੇ ।

ਗੀਤ:- ਮੁਖੜ੍ਹਾ ਦੇਖ ਲੇ ਪ੍ਰਾਣੀ...

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚੇ ਜੱਦ ਸਾਹਮਣੇ ਬੈਠੇ ਰਹਿੰਦੇ ਹਨ ਤਾਂ ਸਮਝਦੇ ਹਨ ਬਰੋਬਰ ਸਾਡਾ ਕੋਈ ਸਾਕਾਰ ਟੀਚਰ ਨਹੀਂ ਹੈ, ਇਨ੍ਹਾਂ ਨੂੰ ਪੜ੍ਹਾਉਣ ਵਾਲਾ ਗਿਆਨ ਦਾ ਸਾਗਰ ਬਾਬਾ ਹੈ। ਇਹ ਤਾਂ ਪੱਕਾ ਨਿਸ਼ਚੇ ਹੈ ਕਿ ਉਹ ਸਾਡਾ ਬਾਪ ਵੀ ਹੈ, ਜਦੋਂ ਪੜ੍ਹਦੇ ਹੋ ਤਾਂ ਪੜ੍ਹਾਈ ਤੇ ਅਟੈਂਸ਼ਨ ਰਹਿੰਦਾ ਹੈ। ਸਟੂਡੈਂਟ ਆਪਣੇ ਸਕੂਲ ਵਿੱਚ ਬੈਠੇ ਹੋਣਗੇ ਤਾਂ ਟੀਚਰ ਯਾਦ ਆਏਗਾ, ਨਾ ਕਿ ਬਾਪ ਕਿਉਂਕਿ ਸਕੂਲ ਵਿਚ ਬੈਠੇ ਹਨ। ਤੁਸੀਂ ਵੀ ਜਾਣਦੇ ਹੋ ਬਾਬਾ ਟੀਚਰ ਵੀ ਹੈ । ਨਾਮ ਨੂੰ ਤਾਂ ਨਹੀਂ ਪਕੜਨਾ ਹੈ ਨਾ। ਧਿਆਨ ਵਿੱਚ ਰੱਖਣਾ ਹੈ - ਅਸੀਂ ਆਤਮਾ ਹਾਂ, ਬਾਪ ਤੋਂ ਸੁਣ ਰਹੇ ਹਾਂ। ਇਹ ਤਾਂ ਕਦੀ ਹੁੰਦਾ ਹੀ ਨਹੀਂ। ਨਾ ਸਤਯੁਗ ਵਿੱਚ, ਨਾ ਕਲਯੁਗ ਵਿੱਚ ਹੁੰਦਾ ਹੈ। ਸਿਰਫ ਇੱਕ ਹੀ ਵਾਰ ਸੰਗਮ ਤੇ ਹੁੰਦਾ ਹੈ। ਤੁਸੀਂ ਆਪਣੇ ਨੂੰ ਆਤਮਾ ਸਮਝਦੇ ਹੋ। ਸਾਡਾ ਬਾਪ ਇਸ ਟਾਈਮ ਟੀਚਰ ਹੈ ਕਿਉਂਕਿ ਪੜ੍ਹਾਉਂਦੇ ਹਨ, ਦੋਨੋਂ ਕੰਮ ਕਰਨੇ ਪੈਂਦੇ ਹਨ। ਆਤਮਾ ਪੜ੍ਹਦੀ ਹੈ ਸ਼ਿਵਬਾਬਾ ਤੋਂ। ਇਹ ਵੀ ਯੋਗ ਅਤੇ ਪੜ੍ਹਾਈ ਹੋ ਜਾਂਦੀ ਹੈ। ਪੜ੍ਹਦੀ ਆਤਮਾ ਹੈ, ਪੜ੍ਹਾਉਂਦੇ ਪਰਮਾਤਮਾ ਹਨ। ਇਸ ਵਿਚ ਹੋਰ ਹੀ ਜਾਸਤੀ ਫਾਇਦਾ ਹੈ ਜੱਦ ਕਿ ਤੁਸੀਂ ਸਾਮ੍ਹਣੇ ਹੋ। ਬਹੁਤ ਬੱਚੇ ਚੰਗੀ ਤਰ੍ਹਾਂ ਯਾਦ ਵਿੱਚ ਰਹਿਣਗੇ। ਕਰਮਾਤੀਤ ਅਵਸਥਾ ਵਿਚ ਪਹੁੰਚਣਗੇ ਤਾਂ ਉਹ ਵੀ ਜਿਵੇਂ ਪਵਿੱਤਰਤਾ ਦੀ ਤਾਕਤ ਮਿਲਦੀ ਹੈ। ਤੁਸੀਂ ਜਾਣਦੇ ਹੋ ਸ਼ਿਵਬਾਬਾ ਸਾਨੂੰ ਪੜ੍ਹਾਉਂਦੇ ਹਨ। ਇਹ ਤੁਹਾਡਾ ਯੋਗ ਵੀ ਹੈ, ਕਮਾਈ ਵੀ ਹੈ। ਆਤਮਾ ਨੂੰ ਹੀ ਸਤੋਪ੍ਰਧਾਨ ਬਣਨਾ ਹੈ। ਤੁਸੀਂ ਸਤੋਪ੍ਰਧਾਨ ਵੀ ਬਣ ਰਹੇ ਹੋ, ਧਨ ਵੀ ਲੈ ਰਹੇ ਹੋ। ਆਪਣੇ ਨੂੰ ਆਤਮਾ ਜਰੂਰ ਸਮਝਣਾ ਹੈ। ਬੁੱਧੀ ਭੱਜਣੀ ਨਹੀਂ ਚਾਹੀਦੀ। ਇੱਥੇ ਬੈਠਦੇ ਹੋ ਤਾਂ ਬੁੱਧੀ ਵਿੱਚ ਇਹ ਰਹੇ ਕਿ ਸ਼ਿਵਬਾਬਾ ਪੜ੍ਹਾਉਣ ਦੇ ਲਈ ਟੀਚਰ ਰੂਪ ਵਿੱਚ ਆਇਆ ਕਿ ਆਇਆ। ਉਹ ਹੀ ਨਾਲੇਜਫੁਲ ਹੈ, ਸਾਨੂੰ ਪੜ੍ਹਾ ਰਹੇ ਹਨ। ਬਾਪ ਨੂੰ ਯਾਦ ਕਰਨਾ ਹੈ। ਸਵਦਰਸ਼ਨ ਚੱਕਰਧਾਰੀ ਵੀ ਅਸੀਂ ਹਾਂ। ਲਾਈਟ ਹਾਊਸ ਵੀ ਹਾਂ। ਇੱਕ ਅੱਖ ਵਿੱਚ ਸ਼ਾਂਤੀਧਾਮ, ਇੱਕ ਅੱਖ ਵਿੱਚ ਜੀਵਨਮੁਕਤੀਧਾਮ ਹੈ। ਇਨ੍ਹਾਂ ਅੱਖਾਂ ਦੀ ਗੱਲ ਨਹੀਂ ਹੈ, ਆਤਮਾ ਦਾ ਤੀਜਾ ਨੇਤਰ ਕਿਹਾ ਜਾਂਦਾ ਹੈ। ਹੁਣ ਆਤਮਾਵਾਂ ਸੁਣ ਰਹੀਆਂ ਹਨ, ਜੱਦ ਸ਼ਰੀਰ ਛੱਡਣਗੇ ਤਾਂ ਆਤਮਾ ਵਿੱਚ ਇਹ ਸੰਸਕਾਰ ਹੋਣਗੇ। ਹੁਣ ਤੁਸੀਂ ਬਾਪ ਨਾਲ ਯੋਗ ਲਗਾਉਂਦੇ ਹੋ। ਸਤਯੁਗ ਤੋਂ ਲੈਕੇ ਤੁਸੀਂ ਵਿਯੋਗੀ ਸੀ ਅਰਥਾਤ ਬਾਪ ਨਾਲ ਯੋਗ ਨਹੀਂ ਸੀ। ਹੁਣ ਤੁਸੀਂ ਯੋਗੀ ਬਣਦੇ ਹੋ, ਬਾਪ ਦੇ ਸਮਾਨ। ਯੋਗ ਸਿਖਾਉਣ ਵਾਲਾ ਹੈ ਈਸ਼ਵਰ ਇਸਲਈ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਯੋਗੇਸ਼ਵਰ। ਤੁਸੀਂ ਵੀ ਯੋਗੇਸ਼ਵਰ ਦੇ ਬੱਚੇ ਹੋ। ਉਨ੍ਹਾਂ ਨੇ ਯੋਗ ਲਗਾਉਣਾ ਨਹੀਂ ਹੈ। ਉਹ ਹੈ ਯੋਗ ਸਿਖਾਉਣ ਵਾਲਾ ਪਰਮਪਿਤਾ ਪਰਮਾਤਮਾ। ਤੁਸੀਂ ਇੱਕ - ਇੱਕ ਯੋਗੇਸ਼ਵਰ, ਯੋਗੇਸ਼ਵਰੀ ਬਣਦੇ ਹੋ ਫਿਰ ਰਾਜ - ਰਾਜੇਸ਼੍ਵਰੀ ਬਣੋਗੇ। ਉਹ ਹੈ ਯੋਗ ਸਿਖਾਉਣ ਵਾਲਾ ਈਸ਼ਵਰ। ਆਪ ਨਹੀਂ ਸਿੱਖਦਾ ਹੈ, ਸਿਖਾਉਂਦੇ ਹਨ। ਕ੍ਰਿਸ਼ਨ ਦੀ ਹੀ ਆਤਮਾ ਅੰਤ ਦੇ ਜਨਮ ਵਿੱਚ ਯੋਗ ਸਿੱਖ ਫਿਰ ਕ੍ਰਿਸ਼ਨ ਬਣਦੀ ਹੈ, ਇਸਲਈ ਕ੍ਰਿਸ਼ਨ ਨੂੰ ਵੀ ਯੋਗੇਸ਼ਵਰ ਕਹਿ ਦਿੰਦੇ ਹਨ ਕਿਉਂਕਿ ਉਨ੍ਹਾਂ ਦੀ ਆਤਮਾ ਹੁਣ ਸਿੱਖ ਰਹੀ ਹੈ। ਯੋਗੇਸ਼ਵਰ ਤੋਂ ਯੋਗ ਸਿੱਖ ਕ੍ਰਿਸ਼ਨ ਪਦ ਪਾਉਂਦੀ ਹੈ। ਇਨ੍ਹਾਂ ਦਾ ਨਾਮ ਫਿਰ ਬਾਪ ਨੇ ਬ੍ਰਹਮਾ ਰੱਖਿਆ ਹੈ। ਪਹਿਲੇ ਤਾਂ ਲੌਕਿਕ ਨਾਮ ਸੀ ਫਿਰ ਮਰਜੀਵਾ ਬਣੇ ਹਨ। ਆਤਮਾ ਨੂੰ ਹੀ ਬਾਪ ਦਾ ਬਣਨਾ ਹੈ। ਬਾਪ ਦੇ ਬਣੇ ਤਾਂ ਮਰ ਗਏ ਨਾ। ਤੁਸੀਂ ਵੀ ਬਾਪ ਦੁਆਰਾ ਯੋਗ ਸਿਖਾਉਂਦੇ ਹੋ। ਇਨਾਂ ਸੰਸਕਾਰਾਂ ਨਾਲ ਹੀ ਤੁਸੀਂ ਜਾਓਗੇ ਸ਼ਾਂਤੀਧਾਮ ਵਿੱਚ। ਫਿਰ ਨਵਾਂ ਪਾਰ੍ਟ ਪ੍ਰਾਲਬੱਧ ਦਾ ਇਮਰਜ਼ ਹੋਵੇਗਾ ਉੱਥੇ ਇਹ ਗੱਲਾਂ ਯਾਦ ਨਹੀਂ ਰਹਿਣਗੀਆਂ। ਇਹ ਹੁਣ ਬਾਪ ਸਮਝਾਉਂਦੇ ਹਨ। ਹੁਣ ਪਾਰ੍ਟ ਪੂਰਾ ਹੁੰਦਾ ਹੈ। ਫਿਰ ਨਵੇਂ ਸਿਰ ਸ਼ੁਰੂ ਹੋਵੇਗਾ। ਜਿਵੇਂ ਬਾਪ ਨੂੰ ਸੰਕਲਪ ਉੱਠਿਆ ਕਿ ਮੈਂ ਜਾਵਾਂ ਤਾਂ ਬਾਪ ਕਹਿੰਦੇ ਹਨ ਮੈਂ ਆਉਂਦਾ ਹਾਂ ਅਤੇ ਮੇਰੀ ਵਾਣੀ ਚਲਨੀ ਸ਼ੁਰੂ ਹੋ ਜਾਂਦੀ ਹੈ। ਇੱਥੇ ਤਾਂ ਸ਼ਾਂਤੀ ਵਿੱਚ ਹਾਂ। ਫਿਰ ਡਰਾਮਾ ਅਨੁਸਾਰ ਉਨ੍ਹਾਂ ਦਾ ਪਾਰ੍ਟ ਸ਼ੁਰੂ ਹੁੰਦਾ ਹੈ। ਆਉਣ ਦਾ ਤਾਂ ਸੰਕਲਪ ਉਠਦਾ ਹੈ। ਫਿਰ ਇਥੇ ਆਕੇ ਪਾਰ੍ਟ ਵਜਾਉਂਦੇ ਹਨ। ਤੁਹਾਡੀ ਆਤਮਾਵਾਂ ਵੀ ਸੁਣਦੀ ਹੈ। ਨੰਬਰਵਾਰ ਪੁਰਸ਼ਾਰਥ ਅਨੁਸਾਰ ਕਲਪ ਪਹਿਲੇ ਮਿਸਲ। ਦਿਨ - ਪ੍ਰਤੀਦਿਨ ਵ੍ਰਿਧੀ ਨੂੰ ਵੀ ਪਾਉਂਦੇ ਜਾਣਗੇ। ਇੱਕ ਦਿਨ ਤੁਹਾਨੂੰ ਵੱਡੇ ਰਾਯਲ ਹਾਲ ਵੀ ਮਿਲਣਗੇ, ਜਿਸ ਵਿੱਚ ਵੱਡੇ - ਵੱਡੇ ਲੋਕ ਵੀ ਆਉਣਗੇ। ਸਭ ਇੱਕੱਠੇ ਬੈਠ ਸੁਣਨਗੇ। ਦਿਨ - ਪ੍ਰਤੀਦਿਨ ਸਾਹੂਕਾਰ ਵੀ ਰੰਕ ਹੁੰਦੇ ਜਾਣਗੇ, ਪੇਟ ਪਿੱਠ ਨਾਲ ਲੱਗ ਜਾਏਗਾ। ਇਵੇਂ ਆਫ਼ਤਾਂ ਆਉਣੀਆਂ ਹਨ, ਮੂਸਲਾਧਾਰ ਬਰਸਾਤ ਪਵੇਗੀ ਤਾਂ ਸਾਰੀ ਖੇਤੀ ਆਦਿ ਪਾਣੀ ਵਿੱਚ ਡੁੱਬ ਜਾਵੇਗੀ। ਨੈਚੁਰਲ ਕੈਲਾਮੀਟੀਜ਼ ਤਾਂ ਆਉਣੀ ਹੀ ਹੈ। ਵਿਨਾਸ਼ ਹੋਣਾ ਹੈ ਇਨ੍ਹਾਂ ਨੂੰ ਕਿਹਾ ਜਾਂਦਾ ਹੈ ਕੁਦਰਤੀ ਆਪਦਾਵਾਂ। ਬੁੱਧੀ ਕਹਿੰਦੀ ਹੈ ਵਿਨਾਸ਼ ਹੋਣਾ ਜਰੂਰ ਹੈ। ਉਸ ਪਾਸੇ ਦੇ ਲਈ ਬੰਬਜ਼ ਵੀ ਤਿਆਰ ਹਨ, ਨੈਚੁਰਲ ਕੈਲਾਮੀਟੀਜ਼ ਆਦਿ ਫਿਰ ਹਨ ਇੱਥੇ ਦੇ ਲਈ। ਉਸ ਵਿੱਚ ਬੜੀ ਹਿੰਮਤ ਚਾਹੀਦੀ ਹੈ।

ਅੰਗਦ ਦੀ ਵੀ ਮਿਸਾਲ ਹੈ ਨਾ, ਉਨ੍ਹਾਂ ਨੂੰ ਕੋਈ ਹਿਲਾ ਨਾ ਸਕਿਆ। ਇਹ ਅਵਸਥਾ ਪੱਕੀ ਕਰਨੀ ਹੈ - ਮੈਂ ਆਤਮਾ ਹਾਂ, ਸ਼ਰੀਰ ਦਾ ਭਾਨ ਟੁੱਟਦਾ ਜਾਵੇ। ਸਤਯੁਗ ਵਿੱਚ ਤਾਂ ਜੱਦ ਆਟੋਮੇਟਿਕਲੀ ਸਮੇਂ ਪੂਰਾ ਹੁੰਦਾ ਹੈ ਤਾਂ ਸਾਖ਼ਸ਼ਾਤਕਰ ਹੁੰਦਾ ਹੈ। ਹੁਣ ਸਾਨੂੰ ਇਹ ਸ਼ਰੀਰ ਛੱਡ ਜਾਕੇ ਬੱਚਾ ਬਣਨਾ ਹੈ। ਇੱਕ ਸ਼ਰੀਰ ਛੱਡ ਜਾਕੇ ਦੂਜੇ ਵਿੱਚ ਪ੍ਰਵੇਸ਼ ਕਰਦੇ ਹਨ, ਸਜ਼ਾਵਾਂ ਆਦਿ ਤਾਂ ਉੱਥੇ ਕੁਝ ਹਨ ਨਹੀਂ। ਦਿਨ - ਪ੍ਰਤੀਦਿਨ ਤੁਸੀਂ ਨਜ਼ਦੀਕ ਆਉਂਦੇ ਜਾਓਗੇ। ਬਾਪ ਕਹਿੰਦੇ ਹਨ ਮੇਰੇ ਵਿੱਚ ਜੋ ਪਾਰ੍ਹ ਭਰਿਆ ਹੋਇਆ ਹੈ ਉਹ ਖੁਲਦਾ ਜਾਵੇਗਾ। ਬੱਚਿਆਂ ਨੂੰ ਦੱਸਦੇ ਰਹਿਣਗੇ। ਫਿਰ ਬਾਪ ਦਾ ਪਾਰ੍ਹ ਪੂਰਾ ਹੋਵੇਗਾ ਤਾਂ ਤੁਹਾਡਾ ਵੀ ਪੂਰਾ ਹੋ ਜਾਵੇਗਾ। ਫਿਰ ਤੁਹਾਡਾ ਸਤਯੁਗ ਦਾ ਪਾਰ੍ਹ ਸ਼ੁਰੂ ਹੋਵੇਗਾ। ਹੁਣ ਤੁਹਾਨੂੰ ਆਪਣਾ ਰਾਜ ਲੈਣਾ ਹੈ, ਇਹ ਡਰਾਮਾ ਬੜਾ ਯੁਕਤੀ ਨਾਲ ਬਣਿਆ ਹੋਇਆ ਹੈ। ਤੁਸੀਂ ਮਾਇਆ ਤੇ ਜਿੱਤ ਪਾਉਂਦੇ ਹੋ, ਇਸ ਵਿੱਚ ਵੀ ਟਾਈਮ ਲਗਦਾ ਹੈ। ਉਹ ਲੋਕ ਤਾਂ ਇੱਕ ਤਰਫ ਸਮਝਦੇ ਹਨ ਕਿ ਅਸੀਂ ਸ੍ਵਰਗ ਵਿੱਚ ਬੈਠੇ ਹਾਂ, ਇਹ ਸੁਖਧਾਮ ਬਣ ਗਿਆ ਹੈ, ਦੂਜੇ ਪਾਸੇ ਫਿਰ ਗੀਤ ਵਿੱਚ ਵੀ ਭਾਰਤ ਦੀ ਹਾਲਤ ਸੁਣਾਉਂਦੇ ਹਨ। ਤੁਸੀਂ ਜਾਣਦੇ ਹੋ ਇਹ ਤਾਂ ਹੋਰ ਹੀ ਤਮੋਪ੍ਰਧਾਨ ਹੋ ਗਏ ਹਨ। ਡਰਾਮਾ ਅਨੁਸਾਰ ਤਮੋਪ੍ਰਧਾਨ ਵੀ ਜ਼ੋਰ ਨਾਲ ਹੁੰਦੇ ਜਾਂਦੇ ਹਨ। ਤੁਸੀਂ ਹੁਣ ਸਤੋਪ੍ਰਧਾਨ ਬਣ ਰਹੇ ਹੋ। ਹੁਣ ਨਜ਼ਦੀਕ ਆਉਂਦੇ ਜਾਂਦੇ ਹੋ, ਅੰਤ ਵਿਜਯ ਤਾਂ ਤੁਹਾਡੀ ਹੋਣੀ ਹੀ ਹੈ। ਹਾਹਾਕਾਰ ਦੇ ਬਾਦ ਫਿਰ ਜੈ-ਜੈਕਾਰ ਹੋਵੇਗੀ। ਘਿਓ ਦੀਆਂ ਨਦੀਆਂ ਬਹਿਣਗੀਆਂ। ਉੱਥੇ ਘਿਓ ਆਦਿ ਖਰੀਦ ਕਰਨਾ ਨਹੀਂ ਪਵੇਗਾ। ਸਭ ਦੇ ਕੋਲ ਗਾਵਾਂ ਫਸਟਕਲਾਸ ਹੁੰਦੀ ਹੈ। ਤੁਸੀਂ ਕਿੰਨੇ ਉੱਚ ਬਣਦੇ ਹੋ। ਤੁਸੀਂ ਜਾਣਦੇ ਹੋ ਹਿਸਟ੍ਰੀ - ਜੋਗ੍ਰਾਫੀ ਫਿਰ ਰਪੀਟ ਹੁੰਦੀ ਹੈ। ਬਾਪ ਆਕੇ ਹਿਸਟ੍ਰੀ ਰਿਪੀਟ ਕਰਦੇ ਹਨ ਇਸਲਈ ਬਾਬਾ ਨੇ ਕਿਹਾ ਇਹ ਵੀ ਲਿਖ ਦੋ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਕਿਵੇਂ ਰਿਪੀਟ ਹੁੰਦੀ ਹੈ। ਆਕੇ ਸਮਝੋ। ਜੋ ਸੈਂਸੀਬਲ ਹੋਵੇਗਾ ਕਹੇਗਾ ਹੁਣ ਆਇਰਨ ਏਜ਼ ਹੈ ਤਾਂ ਜਰੂਰ ਗੋਲਡਨ ਏਜ਼ ਹੈ ਰਿਪੀਟ ਹੋਵੇਗੀ। ਕੋਈ ਤਾਂ ਕਹਿਣਗੇ ਸ੍ਰਿਸ਼ਟੀ ਦਾ ਚੱਕਰ ਲੱਖਾਂ ਵਰ੍ਹੇ ਦਾ ਹੈ, ਹੁਣ ਕਿਵੇਂ ਰਿਪੀਟ ਹੋਵੇਗਾ। ਇੱਥੇ ਸੂਰਯਵੰਸ਼ੀ - ਚੰਦ੍ਰਵੰਸ਼ੀ ਦੀ ਹਿਸਟ੍ਰੀ ਤਾਂ ਹੈ ਨਹੀਂ। ਅੰਤ ਤੱਕ ਇਹ ਚੱਕਰ ਕਿਵੇਂ ਰਿਪੀਟ ਹੁੰਦਾ ਹੈ। ਉਹ ਵੀ ਜਾਣਦੇ ਨਹੀਂ ਕਿ ਇਨ੍ਹਾਂ ਦਾ ਰਾਜ ਫਿਰ ਕੱਦ ਹੋਵੇਗਾ। ਰਾਮ - ਰਾਜ ਨੂੰ ਜਾਣਦੇ ਨਹੀਂ। ਹੁਣ ਤੁਹਾਡੇ ਨਾਲ ਬਾਪ ਹੈ। ਜਿਸ ਵੱਲ ਸਾਖ਼ਸ਼ਾਤ ਪਰਮਪਿਤਾ ਪਰਮਾਤਮਾ ਬਾਪ ਹੈ ਉਨ੍ਹਾਂ ਦੀ ਜਰੂਰ ਵਿਜੈ ਹੋਣੀ ਹੈ। ਬਾਪ ਕੋਈ ਹਿੰਸਾ ਥੋੜੀ ਕਰਾਉਣਗੇ। ਕਿਸੇ ਨੂੰ ਮਾਰਨਾ ਹਿੰਸਾ ਹੈ ਨਾ। ਸਭ ਤੋਂ ਵੱਡੀ ਹਿੰਸਾ ਹੈ ਕਾਮ ਕਟਾਰੀ ਚਲਾਉਣਾ। ਹੁਣ ਤੁਸੀਂ ਡਬਲ ਅਹਿੰਸਕ ਬਣ ਰਹੇ ਹੋ। ਉੱਥੇ ਹੈ ਹੀ -ਅਹਿੰਸਾ ਪਰਮੋ ਦੇਵੀ - ਦੇਵਤਾ ਧਰਮ। ਉੱਥੇ ਨਾ ਲੜਦੇ ਹਨ, ਨਾ ਵਿਕਾਰ ਵਿੱਚ ਜਾਂਦੇ ਹਨ। ਹੁਣ ਤੁਹਾਡਾ ਹੈ ਯੋਗਬਲ, ਪਰ ਇਸ ਨੂੰ ਨਾ ਸਮਝਣ ਕਾਰਨ ਸ਼ਾਸਤਰਾਂ ਵਿਚ ਅਸੁਰਾਂ ਅਤੇ ਦੇਵਤਾਵਾਂ ਦੀ ਲੜਾਈ ਲਿਖ ਦਿੱਤੀ ਹੈ, ਅਹਿੰਸਾ ਨੂੰ ਕੋਈ ਜਾਣਦੇ ਨਹੀਂ। ਇਹ ਤੁਸੀਂ ਹੀ ਜਾਣਦੇ ਹੋ। ਤੁਸੀਂ ਹੋ ਇੰਕਾਗਨੀਟੋ ਵਾਰੀਅਰਸ। ਅਣਨੌਨ ਬਟ ਵੈਰੀ ਵੈਲ ਨੌਨ। ਤੁਹਾਨੂੰ ਕਈ ਵਾਰੀਅਰਸ ਸਮਝਣਗੇ? ਤੁਹਾਡੇ ਦੁਆਰਾ ਸਭ ਨੂੰ ਮਨਮਨਾਭਵ ਦਾ ਪੈਗਾਮ ਮਿਲੇਗਾ। ਇਹ ਹੈ ਮਹਾਮੰਤ੍ਰ। ਮਨੁੱਖ ਇਨ੍ਹਾਂ ਗੱਲਾਂ ਨੂੰ ਸਮਝਦੇ ਨਹੀਂ ਹਨ। ਸਤਯੁਗ - ਤ੍ਰੇਤਾ ਵਿੱਚ ਇਹ ਹੁੰਦਾ ਨਹੀਂ। ਮੰਤਰ ਨਾਲ ਤੁਸੀਂ ਰਾਜਾਈ ਪਾਈ ਫਿਰ ਲੋੜ ਨਹੀਂ। ਤੁਸੀਂ ਜਾਣਦੇ ਹੋ ਅਸੀਂ ਕਿਵੇਂ ਚੱਕਰ ਲਗਾਕੇ ਆਏ ਹਾਂ। ਹੁਣ ਫਿਰ ਬਾਪ ਮਹਾਮੰਤ੍ਰ ਦਿੰਦੇ ਹਨ। ਫਿਰ ਅੱਧਾਕਲਪ ਰਾਜ ਕਰੋਗੇ। ਹੁਣ ਤੁਹਾਨੂੰ ਦੈਵੀਗੁਣ ਧਾਰਨ ਕਰਨੇ ਅਤੇ ਕਰਵਾਉਣੇ ਹਨ। ਬਾਬਾ ਰਾਏ ਦਿੰਦੇ ਹਨ - ਆਪਣਾ ਚਾਰਟ ਰੱਖਣ ਨਾਲ ਬਹੁਤ ਮਜ਼ਾ ਆਵੇਗਾ। ਰਜਿਸਟਰ ਵਿੱਚ ਗੁਡ, ਬੈਟਰ, ਬੈਸਟ ਹੁੰਦੇ ਹਨ ਨਾ। ਖੁਦ ਵੀ ਫੀਲ ਕਰਦੇ ਹਨ। ਕਈ ਚੰਗਾ ਪੜ੍ਹਦੇ ਹਨ, ਕਿਸੇ ਦਾ ਅਟੈਂਸ਼ਨ ਨਹੀਂ ਰਹਿੰਦਾ ਹੈ ਤਾਂ ਫੇਲ ਹੋ ਜਾਂਦੇ ਹਨ। ਇਹ ਫਿਰ ਹੈ ਬੇਹੱਦ ਦੀ ਪੜ੍ਹਾਈ। ਬਾਪ ਟੀਚਰ ਵੀ ਹੈ, ਗੁਰੂ ਵੀ ਹੈ। ਇਕੱਠਾ ਚਲਦਾ ਹੈ। ਇਹ ਇੱਕ ਹੀ ਬਾਪ ਹੈ ਜੋ ਕਹਿੰਦੇ ਹਨ ਮਰਜੀਵਾ ਬਣੋ। ਤੁਸੀਂ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਕਹਿੰਦੇ ਹਨ ਮੈਂ ਤੁਹਾਡਾ ਬਾਪ ਹਾਂ। ਬ੍ਰਹਮਾ ਦੁਆਰਾ ਰਾਜ ਦਿੰਦਾ ਹਾਂ। ਇਹ ਹੋ ਗਿਆ ਵਿਚਕਾਰ ਦਲਾਲ, ਇਨ੍ਹਾਂ ਨਾਲ ਯੋਗ ਨਹੀਂ ਲਗਾਉਣਾ ਹੈ। ਹੁਣ ਤੁਹਾਡੀ ਬੁੱਧੀ ਲੱਗੀ ਹੈ ਉਸ ਪਤੀਆਂ ਦੇ ਪਤੀ ਸ਼ਿਵ ਸਾਜਨ ਦੇ ਨਾਲ। ਇਨ੍ਹਾਂ ਦੁਆਰਾ ਉਹ ਤੁਹਾਨੂੰ ਆਪਣਾ ਬਣਾਉਂਦੇ ਹਨ। ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਅਸੀਂ ਆਤਮਾ ਨੇ ਪਾਰ੍ਹ ਪੂਰਾ ਕੀਤਾ ਹੁਣ ਬਾਪ ਦੇ ਕੋਲ ਜਾਣਾ ਹੈ ਘਰ। ਹੁਣ ਤਾਂ ਸਾਰੀ ਸ੍ਰਿਸ਼ਟੀ ਤਮੋਪ੍ਰਧਾਨ ਹੈ 5 ਤਤ੍ਵ ਵੀ ਤਮੋਪ੍ਰਧਾਨ ਹਨ। ਉੱਥੇ ਸਭ ਕੁਝ ਨਵਾਂ ਹੋਵੇਗਾ। ਇੱਥੇ ਤਾਂ ਵੇਖੋ ਹੀਰੇ - ਜਵਾਹਰਾਤ ਆਦਿ ਕੁਝ ਵੀ ਨਹੀਂ ਹਨ। ਸਤਯੁਗ ਵਿੱਚ ਫਿਰ ਕਿੱਥੋਂ ਆਉਂਦੇ ਹਨ? ਖਾਣੀਆਂ ਜੋ ਹੁਣ ਖਾਲੀ ਹੋ ਗਈਆਂ ਹਨ ਉਹ ਸਭ ਫਿਰ ਤੋਂ ਹੁਣ ਭਰਤੂ ਹੋ ਜਾਂਦੀਆਂ ਹਨ। ਖਾਣੀਆਂ ਤੋਂ ਖੋਦ ਕੇ ਲੈ ਆਉਂਦੇ ਹਨ। ਵਿਚਾਰ ਕਰੋ ਸਭ ਨਵੀਆਂ ਚੀਜ਼ਾਂ ਹੋਣਗੀਆਂ ਨਾ। ਲਾਈਟ ਆਦਿ ਵੀ ਜਿਵੇਂ ਨੈਚੁਰਲ, ਰਹਿੰਦੀ ਹੈ, ਸਾਂਇਸ ਤੋਂ ਇਥੇ ਸਿੱਖਦੇ ਰਹਿੰਦੇ ਹਨ। ਉੱਥੇ ਇਹ ਵੀ ਕੰਮ ਵਿੱਚ ਆਉਂਦੀਆਂ ਹਨ। ਹੈਲੀਕੋਪਟਰ ਖੜੇ ਹੋਣਗੇ, ਬਟਨ ਦਬਾਇਆ ਇਹ ਚੱਲਿਆ। ਕੋਈ ਤਕਲੀਫ ਨਹੀਂ। ਉੱਥੇ ਸਭ ਫੁਲਪਰੂਫ ਹੁੰਦੇ ਹਨ, ਕਦੇ ਮਸ਼ੀਨ ਆਦਿ ਖਰਾਬ ਹੋ ਨਾ ਸਕੇ। ਘਰ ਵਿੱਚ ਬੈਠ ਸਕਿੰਡ ਵਿਚ ਸਕੂਲ ਵਿੱਚ ਜਾਂ ਘੁੰਮਣ - ਫਿਰਨ ਪਹੁੰਚਦੇ ਹਨ। ਪ੍ਰਜਾ ਦੇ ਲਈ ਫਿਰ ਉਨ੍ਹਾਂ ਤੋਂ ਘੱਟ ਹੋਣਗੇ। ਤੁਹਾਡੇ ਲਈ ਉੱਥੇ ਸਭ ਸੁਖ ਹੁੰਦੇ ਹਨ। ਅਕਾਲੇ ਮ੍ਰਿਤੂ ਹੋ ਨਹੀਂ ਸਕਦੀ। ਤਾਂ ਤੁਸੀਂ ਬੱਚਿਆਂ ਨੂੰ ਕਿੰਨਾ ਅਟੈਂਸ਼ਨ ਦੇਣਾ ਚਾਹੀਦਾ ਹੈ। ਮਾਇਆ ਦਾ ਵੀ ਬਹੁਤ ਜ਼ੋਰ ਹੈ। ਇਹ ਹੈ ਮਾਇਆ ਦਾ ਅੰਤਿਮ ਪਾਮਪ। ਲੜਾਈ ਵਿੱਚ ਵੇਖੋ ਕਿੰਨੇ ਮਰਦੇ ਹਨ। ਲੜਾਈ ਬੰਦ ਹੁੰਦੀ ਹੀ ਨਹੀਂ। ਕਿੱਥੇ ਇੰਨੀ ਸਾਰੀ ਦੁਨੀਆਂ, ਕਿੱਥੇ ਸਿਰਫ ਇੱਕ ਹੀ ਸ੍ਵਰਗ ਹੁੰਦਾ। ਉੱਥੇ ਇਵੇਂ ਥੋੜੀ ਕਹਿਣਗੇ ਗੰਗਾ - ਪਤਿਤ ਪਾਵਨੀ ਹੈ। ਉੱਥੇ ਭਗਤੀ ਮਾਰਗ ਦੀ ਕੋਈ ਗੱਲ ਹੀ ਨਹੀਂ। ਇੱਥੇ ਗੰਗਾ ਵਿੱਚ ਵੇਖੋ ਸਾਰੇ ਸ਼ਹਿਰ ਦਾ ਕਿਚੜ੍ਹਾ ਪਿਆ ਰਹਿੰਦਾ ਹੈ। ਬਾਮਬੇ ਦਾ ਸਾਰਾ ਕਿਚੜ੍ਹਾ ਸਾਗਰ ਵਿੱਚ ਬਹਿ ਜਾਂਦਾ ਹੈ।

ਭਗਤੀ ਵਿੱਚ ਤੁਸੀਂ ਵੱਡੇ - ਵੱਡੇ ਮੰਦਿਰ ਬਣਾਉਂਦੇ ਹੋ। ਹੀਰੇ - ਜਵਾਹਰਾਤਾਂ ਦਾ ਤਾਂ ਸੁਖ ਰਹਿੰਦਾ ਹੈ ਨਾ। ਪੌਣਾ ਹਿੱਸਾ ਸੁੱਖ ਹੈ, ਬਾਕੀ ਕ੍ਵਾਰਟਰ ਹੈ ਦੁੱਖ। ਅੱਧਾ - ਅੱਧਾ ਹੋ ਫਿਰ ਤਾਂ ਮਜ਼ਾ ਨਾ ਰਹੇ। ਭਗਤੀ ਮਾਰਗ ਵਿੱਚ ਵੀ ਤੁਸੀਂ ਬਹੁਤ ਸੁਖੀ ਰਹਿੰਦੇ ਹੋ। ਪਿੱਛੋਂ ਮੰਦਿਰਾਂ ਆਦਿ ਨੂੰ ਆਕੇ ਲੁੱਟਦੇ ਹਨ। ਸਤਯੁਗ ਵਿੱਚ ਤੁਸੀਂ ਕਿੰਨੇ ਸਾਹੂਕਾਰ ਸੀ ਤਾਂ ਤੁਸੀਂ ਬੱਚਿਆਂ ਨੂੰ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਏਮ

ਆਬਜੈਕਟ ਤਾਂ ਸਾਹਮਣੇ ਖੜਿਆ ਹੈ। ਮਾਂ - ਬਾਪ ਦੀ ਤਾਂ ਸਰਟਨ ਹੈ। ਗਾਇਆ ਜਾਂਦਾ ਹੈ ਖੁਸ਼ੀ ਜਿਹੀ ਖੁਰਾਕ ਨਹੀਂ। ਯੋਗ ਨਾਲ ਉਮਰ ਵੱਧਦੀ ਹੈ।

ਹੁਣ ਆਤਮਾ ਨੂੰ ਸਵ ਦਾ ਦਰਸ਼ਨ ਹੋਇਆ ਹੈ ਕਿ ਅਸੀਂ 84 ਦਾ ਚੱਕਰ ਲਗਾਉਂਦੇ ਹਨ। ਇੰਨਾ ਪਾਰ੍ਹ ਵਜਾਉਂਦੇ ਹਨ। ਸਭ ਆਤਮਾਵਾਂ ਐਕਟਰਸ ਥੱਲੇ ਆ ਜਾਣਗੇ ਤਾਂ ਬਾਪ ਸਭ ਨੂੰ ਲੈ ਜਾਣਗੇ। ਸ਼ਿਵ ਦੀ ਬਰਾਤ ਕਹਿੰਦੇ ਹਨ ਨਾ। ਇਹ ਸਭ ਤੁਸੀਂ ਜਾਣਦੇ ਹੋ ਨੰਬਰਵਾਰ ਪੁਰਸ਼ਾਰਥ ਅਨੁਸਾਰ। ਜਿੰਨਾ ਤੁਸੀਂ ਯਾਦ ਵਿੱਚ ਰਹੋਗੇ ਉਤਨਾ ਖੁਸ਼ੀ ਵਿੱਚ ਰਹੋਗੇ। ਦਿਨ - ਪ੍ਰਤੀਦਿਨ ਫੀਲ ਕਰਦੇ ਰਹੋਗੇ, ਕਿਉਂਕਿ ਸਿਖਾਉਣ ਵਾਲਾ ਤਾਂ ਉਹ ਬਾਪ ਹੈ ਨਾ। ਇਹ ਵੀ ਸਿਖਾਉਂਦੇ ਰਹਿੰਦੇ ਹਨ। ਇਨ੍ਹਾਂ ਨੂੰ ( ਬ੍ਰਹਮਾ ) ਨੂੰ ਪੁੱਛਣ ਦੀ ਲੋੜ ਨਹੀਂ ਰਹਿੰਦੀ। ਪੁੱਛਦੇ ਤਾਂ ਤੁਸੀਂ ਹੋ। ਇਹ ਤਾਂ ਸੁਣਦੇ ਹੀ ਹਨ। ਬਾਪ ਰਿਸਪਾਂਡ ਦਿੰਦੇ ਹਨ ਅਤੇ ਸੁਣਦੇ ਇਹ ਵੀ ਹਨ, ਇਨ੍ਹਾਂ ਦੀ ਐਕਟੀਵੀਟੀ ਕਿੰਨੀ ਵੰਡਰਫੁਲ ਹੈ। ਇਹ ਵੀ ਯਾਦ ਵਿੱਚ ਰਹਿੰਦੇ ਹਨ। ਫਿਰ ਬੱਚਿਆਂ ਨੂੰ ਵਰਨਣ ਕਰ ਸੁਣਾਉਂਦੇ ਹਨ। ਬਾਬਾ ਮੈਨੂੰ ਖਵਾਉਂਦੇ ਹਨ। ਮੈਂ ਉਨ੍ਹਾਂ ਨੂੰ ਆਪਣਾ ਰਥ ਦਿੰਦਾ ਹਾਂ, ਸਵਾਰੀ ਕਰਦੇ ਹਨ ਤਾਂ ਕਿਉਂ ਨਹੀਂ ਖਵਾਉਣਗੇ। ਇਹ ਹਿਊਮਨ ਅਸ਼ਵ ਹੈ। ਸ਼ਿਵਬਾਬਾ ਦਾ ਰਥ ਹਾਂ - ਇਹ ਖਿਆਲ ਰਹਿਣ ਨਾਲ ਵੀ ਸ਼ਿਵਬਾਬਾ ਦੀ ਯਾਦ ਰਹੇਗੀ। ਯਾਦ ਨਾਲ ਹੀ ਫਾਇਦਾ ਹੈ। ਭੰਡਾਰੇ ਵਿੱਚ ਭੋਜਨ ਬਣਾਉਂਦੇ ਹੋ ਤਾਂ ਵੀ ਸਮਝੋ ਅਸੀਂ ਸ਼ਿਵਬਾਬਾ ਦੇ ਬੱਚਿਆਂ ਲਈ ਬਣਾਉਂਦੇ ਹਾਂ। ਖੁਦ ਵੀ ਸ਼ਿਵਬਾਬਾ ਦੇ ਬੱਚੇ ਹਨ ਤਾਂ ਇਵੇਂ ਯਾਦ ਕਰਨ ਨਾਲ ਵੀ ਫਾਇਦਾ ਹੀ ਹੈ। ਸਭ ਤੋਂ ਉੱਚੀ ਪਦਵੀ ਉਸਨੂੰ ਮਿਲੇਗੀ ਜੋ ਯਾਦ ਵਿੱਚ ਰਹਿ ਕਰਮਾਤੀਤ ਅਵਸਥਾ ਨੂੰ ਪਾਉਂਦੇ ਹਨ ਅਤੇ ਸਰਵਿਸ ਵੀ ਕਰਦੇ ਹਨ। ਇਹ ਬਾਬਾ ਵੀ ਬਹੁਤ ਸਰਵਿਸ ਕਰਦੇ ਹਨ ਨਾ। ਇਨ੍ਹਾਂ ਦੀ ਬੇਹੱਦ ਦੀ ਸਰਵਿਸ ਹੈ ਤੁਸੀਂ ਹੱਦ ਦੀ ਸਰਵਿਸ ਕਰਦੇ ਹੋ। ਸਰਵਿਸ ਨਾਲ ਹੁਣ ਇਨ੍ਹਾਂ ਨੂੰ ਵੀ ਪਦਵੀ ਮਿਲਦੀ ਹੈ। ਸ਼ਿਵਬਾਬਾ ਕਹਿੰਦੇ ਹਨ - ਇਵੇਂ - ਇਵੇਂ ਕਰੋ, ਇਨ੍ਹਾਂ ਨੂੰ ਵੀ ਰਾਏ ਦਿੰਦੇ ਹਨ। ਤੂਫ਼ਾਨ ਤਾਂ ਬੱਚਿਆਂ ਨੂੰ ਆਉਂਦੇ ਹਨ, ਸਿਵਾਏ ਯਾਦ ਦੇ ਕਰਮਇੰਦਰੀਆਂ ਵਸ ਹੋਣਾ ਮੁਸ਼ਕਿਲ ਹੈ। ਯਾਦ ਨਾਲ ਹੀ ਬੇੜਾ ਪਾਰ ਹੋਣਾ ਹੈ। ਇਹ ਸ਼ਿਵਬਾਬਾ ਕਹਿੰਦੇ ਹਨ ਜਾਂ ਬ੍ਰਹਮਾ ਬਾਬਾ ਕਹਿੰਦੇ ਹਨ, ਇਹ ਸਮਝਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਇਸ ਵਿੱਚ ਬੜੀ ਮਹੀਨ ਬੁੱਧੀ ਚਾਹੀਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਸਮੇਂ ਪੂਰਾ - ਪੂਰਾ ਮਰਜੀਵਾ ਬਣਨਾ ਹੈ। ਪੜ੍ਹਾਈ ਚੰਗੀ ਤਰ੍ਹਾਂ ਪੜ੍ਹਨੀ ਹੈ, ਆਪਣਾ ਚਾਰਟ ਜਾਂ ਰਜਿਸਟਰ ਰੱਖਣਾ ਹੈ। ਯਾਦ ਵਿੱਚ ਰਹਿ ਆਪਣੀ ਕਰਮਾਤੀਤ ਅਵਸਥਾ ਬਣਾਉਣੀ ਹੈ।

2. ਅੰਤਿਮ ਵਿਨਾਸ਼ ਦੀ ਸੀਨ ਵੇਖਣ ਲਈ ਹਿਮੰਤਵਾਨ ਬਣਨਾ ਹੈ। ਮੈਂ ਆਤਮਾ ਹਾਂ - ਇਸ ਅਭਿਆਸ ਨਾਲ ਸ਼ਰੀਰ ਦਾ ਭਾਣ ਟੁੱਟਦਾ ਜਾਵੇ।

ਵਰਦਾਨ:- ਦੇਹ ਭਾਨ ਦਾ ਤਿਆਗ ਕਰ ਨਿਕ੍ਰੋਧੀ ਬਣਨ ਵਾਲੇ ਨਿਰਮਾਣਚਿੱਤ ਭਵ।

ਜੋ ਬੱਚੇ ਦੇਹ ਭਾਨ ਦਾ ਤਿਆਗ ਕਰਦੇ ਹਨ ਉਨ੍ਹਾਂ ਨੂੰ ਕਦੇ ਵੀ ਕ੍ਰੋਧ ਨਹੀਂ ਆ ਸਕਦਾ ਕਿਉਂਕਿ ਕ੍ਰੋਧ ਆਉਣ ਦੇ ਦੋ ਕਾਰਨ ਹੁੰਦੇ ਹਨ। ਇੱਕ - ਜਦੋਂ ਕੋਈ ਝੂਠੀ ਗੱਲ ਕਹਿੰਦਾ ਹੈ ਅਤੇ ਦੂਸਰਾ ਜਦੋਂ ਕੋਈ ਗਲਾਨੀ ਕਰਦਾ ਹੈ। ਇਹ ਹੀ ਦੋ ਗੱਲਾਂ ਕ੍ਰੋਧ ਨੂੰ ਜਨਮ ਦਿੰਦੀਆਂ ਹਨ। ਅਜਿਹੀ ਪ੍ਰਸਥਿਤੀ ਵਿਚ ਨਿਰਮਾਣਚਿੱਤ ਦੇ ਵਰਦਾਨ ਦਵਾਰਾ ਅਪਕਾਰੀ ਤੇ ਵੀ ਉਪਕਾਰ ਕਰੋ, ਗਾਲੀ ਦੇਣ ਵਾਲੇ ਨੂੰ ਗਲੇ ਲਗਾਓ, ਨਿੰਦਾ ਕਰਨ ਵਾਲੇ ਨੂੰ ਸੱਚਾ ਮਿੱਤਰ ਮੰਨੋ - ਤਾਂ ਕਹਾਂਗੇ ਕਮਾਲ। ਜਦੋਂ ਅਜਿਹਾ ਪਰਿਵਰਤਨ ਵਿਖਾਵੋਂ ਤਾਂ ਵਿਸ਼ਵ ਦੇ ਅੱਗੇ ਪ੍ਰਸਿੱਧ ਹੋਵੋਗੇ।

ਸਲੋਗਨ:- ਮੌਜ ਦਾ ਅਨੁਭਵ ਕਰਨ ਦੇ ਲਈ ਮਾਇਆ ਦੀ ਅਧੀਨਤਾ ਨੂੰ ਛੱਡ ਸਵਤੰਤਰ ਬਣੋ।

******

ਅਵਿਅਕਤ ਇਸ਼ਾਰੇ - ਹੁਣ ਲਗਨ ਦੀ ਅਗਨੀ ਨੂੰ ਪ੍ਰਜਵਲਿਤ ਕਰ ਯੋਗ ਨੂੰ ਜਵਾਲਾ ਰੂਪ ਬਣਾਓ ।

ਹੁਣ ਜਵਾਲਾਮੁਖੀ ਬਣ ਆਸੁਰੀ ਸੰਸਕਾਰ, ਆਸੁਰੀ ਸਵਭਾਵ ਸਭ ਕੁਝ ਭਸਮ ਕਰੋ। ਜਿਵੇਂ ਦੇਵੀਆਂ ਦੇ ਯਾਦਗਰ ਵੀ ਵਿਖਾਉਂਦੇ ਹਨ ਕਿ ਜਵਾਲਾ ਨਾਲ ਅਸੁਰਾਂ ਦਾ ਸੰਘਾਰ ਕੀਤਾ। ਅਸੁਰ ਕੋਈ ਵਿਅਕਤੀ ਨਹੀਂ ਲੇਕਿਨ ਆਸੁਰੀ ਸ਼ਕਤੀਆਂ ਨੂੰ ਖਤਮ ਕੀਤਾ। ਇਹ ਹੁਣ ਤੁਹਾਡੀ ਜਵਾਲਾ - ਸਵਰੂਪ ਸਥਿਤੀ ਦਾ ਯਾਦਗਰ ਹੈ। ਹੁਣ ਅਜਿਹੇ ਯੋਗ ਦੀ ਜਵਾਲਾ ਪ੍ਰਜਵੱਲਿਤ ਕਰੋ ਜਿਸ ਵਿਚ ਇਹ ਕਲਯੁਗੀ ਸੰਸਾਰ ਸਹਿਜ ਭਸਮ ਹੋ ਜਾਵੇ।